**ਦਫ਼ਤਰ: ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**
**-ਕਮ- ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ**
**ਐਸ.ਸੀ.ਓ. - 104-106, ਦੂਜੀ ਅਤੇ ਤੀਸਰੀ ਮੰਜ਼ਿਲ, ਸੈਕਟਰ 34 - ਏ, ਚੰਡੀਗੜ੍ਹ।**

ਵੱਲ

ਸਮੂਹ ਸਕੂਲ ਮੁੱਖੀ/ਅੰਗ੍ਰੇਜ਼ੀ ਅਤੇ ਸ.ਸ. ਅਧਿਆਪਕ (ਵੈੱਬ ਸਾਈਟ ਰਾਹੀਂ)
ਸਰਕਾਰੀ ਮਿਡਲ/ਹਾਈ/ਸ.ਸੈਕੰਡਰੀ ਸਕੂਲ
ਪੰਜਾਬ।

ਮੀਮੋ ਨੰ: 2010/ਐਸ.ਐਸ.ਏ./ਏ.ਐਸ.ਪੀ.ਡੀ.(ਅੰਗ੍ਰੇਜ਼ੀ)/00100-103(E)
ਮਿਤੀ ਚੰਡੀਗੜ੍ਹ 15-12-10

**ਵਿਸ਼ਾ: ਅੰਗ੍ਰੇਜ਼ੀ ਮੈਨੁਅਲ ਦੀ ਵਰਤੋਂ ਸਬੰਧੀ ਦਿਸ਼ਾ ਨਿਰਦੇਸ਼।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਮੁੱਖ ਦਫ਼ਤਰ ਵੱਲੋਂ ਸਮੂਹ ਜਿਲ੍ਹਿਆਂ ਦੇ ਮਿਡਲ/ਹਾਈ/ਸੈਕੰਡਰੀ ਸਕੂਲਾਂ ਵਿੱਚ ਅੰਗ੍ਰੇਜ਼ੀ ਮੈਨੁਅਲ (ਫਲੈਸ਼ ਕਾਰਡਜ਼ ਅਤੇ ਗਰਾਮਰ ਕਾਰਡਜ਼ ਸਮੇਤ) ਮੁਹੱਈਆਂ ਕਰਵਾਏ ਜਾ ਚੁੱਕੇ ਹਨ ਪਰ ਨਿਰੀਖਣ ਦੌਰਾਨ ਧਿਆਨ ਵਿੱਚ ਆਇਆ ਹੈ ਕਿ ਉਕਤ ਮਟੀਰੀਅਲ ਦੇ ਇਸਤੇਮਾਲ ਅਤੇ Utility ਸਬੰਧੀ ਸਬੰਧਤ ਅਧਿਆਪਕਾਂ ਦੇ ਮਨਾ ਵਿੱਚ ਕੁੱਝ ਗਲਤ ਫਹਿਮੀਆਂ ਹਨ ਜਿਨ੍ਹਾਂ ਨੂੰ ਦੂਰ ਕਰਨ ਅਤੇ ਮੈਨੁਅਲ ਦੀ ਸਹੀ ਮਾਇਨੇ ਵਿੱਚ Utility ਨੂੰ ਸਮਝਾਉਣ ਦੇ ਪੱਖ ਨੂੰ ਮੁੱਖ ਦਫ਼ਤਰ ਵੱਲੋਂ ਬਹੁਤ ਗੰਭੀਰਤਾ ਨਾਲ ਲਿਆ ਗਿਆ ਹੈ।

2.0 ਸਬੰਧਤ ਅਧਿਅਪਕਾਂ ਵੱਲੋਂ ਉਕਤ ਮਟੀਰੀਅਲ ਦੀ ਸਹੀ ਵਰਤੋਂ ਕਰਨ ਸਬੰਧੀ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾ ਰਹੇ ਹਨ।

- ਮਨੀਟਰਿੰਗ ਦੌਰਾਨ ਦੇਖਿਆ ਗਿਆ ਹੈ ਕਿ ਕਈ ਅਧਿਆਪਕ ਇਹ ਸੋਚਦੇ ਹਨ ਕਿ ਅੰਗ੍ਰੇਜ਼ੀ ਮੈਨੁਅਲ ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਵਧੇਰੇ ਲਾਭਦਾਇਕ ਨਹੀਂ ਹੈ ਕਿਉਂਕਿ ਇਸ ਵਿੱਚ direct method ਦਾ ਇਸਤੇਮਾਲ ਕੀਤਾ ਗਿਆ ਹੈ ਅਤੇ ਪੰਜਾਬੀ ਦੀ ਵਰਤੋਂ ਨਾਮਾਤਰ ਕੀਤੀ ਗਈ ਹੈ। ਇਸ ਲਈ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਉਕਤ ਮੈਨੁਅਲ ਵਿਦਿਆਰਥੀਆਂ ਲਈ ਨਹੀਂ ਬਲਕਿ ਅਧਿਆਪਕਾਂ ਲਈ ਤਿਆਰ ਕੀਤਾ ਗਿਆ ਹੈ ਤਾਂ ਜੋ ਉਹਨਾਂ ਨੂੰ ਪੜ੍ਹਾਉਣ ਵਿੱਚ ਸਹੂਲਤ ਰਹੇ ਅਤੇ ਉਹ ਆਪਣੇ ਲੈਕਚਰਾਂ ਨੂੰ ਵਧੇਰੇ ਚੰਗੇ ਢੰਗ ਨਾਲ ਪਲਾਨ ਕਰ ਸਕਣ। ਇੱਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਜਿੱਥੇ ਅਧਿਆਪਕਾਂ ਨੂੰ ਲੱਗੇ ਕਿ ਵਿਦਿਆਰਥੀਆਂ ਦਾ ਸਤਰ ਜਾਂ ਲੈਵਲ ਅਤੀ ਕਮਜੋਰ ਹੈ ਜਾਂ ਜਿੱਥੇ ਵੀ ਉਹ ਉਚਿਤ ਸਮਝਣ, Bilingual Method ਦਾ ਇਸਤੇਮਾਲ ਕਰ ਸਕਦੇ ਹਨ।
- ਕਈ ਅਧਿਆਪਕਾਂ ਵੱਲੋਂ ਉਕਤ ਮਟੀਰੀਅਲ ਵਿੱਚ ਕੁੱਝ ਖਾਮੀਆਂ ਬਾਰੇ ਰਿਪੋਰਟ ਕੀਤਾ ਗਿਆ ਹੈ। ਇਸ ਲਈ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਅਜਿਹੀਆਂ ਸਾਰੀਆਂ ਖਾਮੀਆਂ ਮੁੱਖ

ਦਫ਼ਤਰ/ਏ.ਐਸ.ਪੀ.ਡੀ. ਅੰਗ੍ਰੇਜ਼ੀ ਦੇ ਨੋਟਿਸ ਵਿੱਚ ਹਨ ਅਤੇ ਇਹਨਾਂ ਨੂੰ ਮੁੱਖ ਦਫ਼ਤਰ ਵੱਲੋਂ ਬਹੁਤ ਗੰਭੀਰਤਾ ਨਾਲ ਲਿਆ ਗਿਆ ਹੈ। ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਅਗਲੇ ਵਿਦਿਅਕ ਵਰ੍ਹੇ ਲਈ ਉਕਤ ਮਟੀਰੀਅਲ ਵਿੱਚ ਲੋੜੀਂਦੇ ਸੁਧਾਰ ਦਾ ਪਲਾਨ/ਪ੍ਰੋਸੈਸ ਚੱਲ ਰਿਹਾ ਹੈ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ,**
**ਪੰਜਾਬ, ਚੰਡੀਗੜ੍ਹ।**

ਪਿਠ ਅੰਕਣ ਨੰ:2010/ਐਸ.ਐਸ.ਏ./ਏ.ਐਸ.ਪੀ.ਡੀ.(ਅੰਗ੍ਰੇਜ਼ੀ)/00100-103(E)ਮਿਤੀ ਚੰਡੀਗੜ੍ਹ 15-12-10

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਇਸ ਦਫ਼ਤਰ ਦੀ ਵੈਬ ਸਾਈਟ ਰਾਹੀਂ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ./ਐ.ਸਿ.), ਪੰਜਾਬ।
2. ਸਮੂਹ ਜਿਲ੍ਹਾ ਅੰਗ੍ਰੇਜ਼ੀ ਪ੍ਰੋਜੈਕਟ ਕੋਆਰਡੀਨੇਟਰ ਅਤੇ ਸਮੂਹ ਅੰਗ੍ਰੇਜ਼ੀ ਮਾਸਟਰ ਟ੍ਰੇਨਰਜ਼।
3. ਡੀ.ਐਮ.(ਐਮ.ਆਈ.ਐਸ.) ਐਸ.ਐਸ.ਏ. ਪੰਜਾਬ ਨੂੰ ਵੈਬਸਾਈਟ ਤੇ ਪਾਉਣ ਲਈ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ, ਚੰਡੀਗੜ੍ਹ।**